BRAMPTON

Media Release

ਤੁਰੰਤ ਰਿਲੀਜ ਲਈ

ਸਿਟੀ ਆਫ ਬ੍ਰੈਂਪਟਨ, ਇਸ ਸਰਦੀ ਰਸਤਾ ਸਾਫ ਕਰਨ ਲਈ ਤਿਆਰ ਹੈ

ਬ੍ਰੈਂਪਟਨ, ਓਨਟੈਰੀਓ (7 ਨਵੰਬਰ, 2022) – ਸਰਦੀ ਦਾ ਮੌਸਮ ਆਉਣ ਵਾਲਾ ਹੈ ਅਤੇ ਬ੍ਰੈਂਪਟਨ ਦੇ ਅਮਲੇ ਤਿਆਰ ਹਨ! ਸਾਡੀ ਟੀਮ ਇਹ ਯਕੀਨੀ ਬਣਾਉਣ ਲਈ ਦਿਨ-ਰਾਤ ਕੰਮ ਕਰਦੀ ਰਹੀ ਹੈ ਕਿ ਅਸੀਂ, ਸਿਟੀ ਦੀ ਮਾਲਕੀ ਵਾਲੀਆਂ ਸੜਕਾਂ, ਸਾਈਡਵਾਕਸ, ਟ੍ਰਾਂਜ਼ਿਟ ਸਟੈਪਸ, ਰੇਕ੍ਰੀਏਸ਼ਨ ਟ੍ਰੇਲਾਂ ਅਤੇ ਸਕੂਲ ਦੇ ਚੌਰਾਹਿਆਂ ਤੋਂ ਬਰਫ ਹਟਾਉਣ ਲਈ ਤਿਆਰ ਹਾਂ, ਤਾਂ ਜੋ ਨਿਵਾਸੀ ਸੁਰੱਖਿਅਤ ਰੂਪ ਨਾਲ ਆਪਣੀ ਮੰਜ਼ਲ ਤੇ ਪਹੁੰਚ ਸਕਣ।

ਸਿਟੀ ਨਿਵਾਸੀਆਂ ਨੂੰ ਯਾਦ ਕਰਾਉਂਦੀ ਹੈ ਕਿ ਸਰਦੀਆਂ ਦੇ ਮੌਸਮ ਲਈ ਤਿਆਰ ਰਹਿਣਾ, ਟੀਮ ਸਬੰਧੀ ਯਤਨ ਹੈ ਅਤੇ ਹਰੇਕ ਦੀ ਮਦਦ ਨਾਲ, ਇਹ ਸੀਜਨ ਸਾਰਿਆਂ ਲਈ ਵੱਧ ਸੁਰੱਖਿਅਤ ਹੋ ਸਕਦਾ ਹੈ:

- ਐਮਰਜੈਂਸੀ ਦੀ ਸਥਿਤੀ ਵਿੱਚ, ਘੱਟੋ-ਘੱਟ 72 ਘੰਟਿਆਂ ਲਈ ਖੁਦ ਦੀ ਅਤੇ ਆਪਣੇ ਪਰਿਵਾਰ ਦੀ ਦੇਖਭਾਲ ਲਈ ਤਿਆਰ ਰਹੋ। ਆਪਣੇ ਘਰ ਅਤੇ ਵਾਹਨ ਲਈ 72-ਘੰਟੇ ਸੁਰੱਖਿਆ ਕਿੱਟ ਤਿਆਰ ਕਰੋ।
- ਬਰਫ ਪੈਣ ਤੋਂ ਬਾਅਦ ਸਾਈਡਵਾਕਸ ਤੋਂ ਆਈਸ, ਬਰਫ ਅਤੇ ਪੰਘਰ ਰਹੀ ਬਰਫ ਨੂੰ ਤੁਰੰਤ ਸਾਫ਼ ਕਰੋ;
- ਗਲੀਆਂ ਵਿੱਚ ਪਾਰਕਿੰਗ ਦੀ ਇਜਾਜ਼ਤ ਨਹੀਂ ਹੈ ਅਤੇ ਇਹ ਨਿਯਮ ਸਰਦੀ ਦੇ ਮੌਸਮ ਸਬੰਧੀ ਘਟਨਾਵਾਂ ਦੇ ਦੌਰਾਨ ਲਾਗੂ ਰਹੇਗਾ।
- ਕਿਰਪਾ ਕਰਕੇ ਇਹ ਯਕੀਨੀ ਬਣਾਉਣ ਲਈ ਵਾਹਨਾਂ ਨੂੰ ਹਟਾਓ ਕਿ ਬਰਫ ਹਟਾਉਣ , ਨਮਕ ਵਿਛਾਉਣ ਵਾਲੇ ਅਤੇ ਐਮਰਜੈਂਸੀ ਵਾਹਨ ਸੁਰੱਖਿਅਤ ਤਰੀਕੇ ਨਾਲ ਗਲੀ ਵਿੱਚ ਆ ਸਕਣ;
- ਜੇਕਰ ਬਰਫ ਪੈਣ ਤੋਂ ਬਾਅਦ 24 ਘੰਟਿਆਂ ਤੋਂ ਵੱਧ ਸਮਾਂ ਬੀਤ ਗਿਆ ਹੈ ਅਤੇ ਤੁਹਾਡੀ ਗਲੀ ਤੇ ਹਾਲੀਂ ਵੀ ਧਿਆਨ ਦੇਣ ਦੀ ਲੋੜ ਹੈ, ਤਾਂ ਸਿਟੀ ਨੂੰ 311 ਤੇ ਫੋਨ ਕਰਕੇ, 311 ਮੋਬਾਈਲ ਐਪ ਤੇ ਸੇਵਾ ਬੇਨਤੀ ਪ੍ਰਸਤੁਤ ਕਰਕੇ, 311@brampton.ca ਤੇ ਈਮੇਲ ਕਰਕੇ ਜਾਂ www.311brampton.ca ਤੇ ਜਾ ਕੇ ਇਸ ਬਾਰੇ ਦੱਸੋ;
- ਸਾਡੇ #BramSnowUpdate ਲਈ ਸਿਟੀ ਆਫ ਬ੍ਰੈਂਪਟਨ ਦੇ ਸਾਰੇ ਸੋਸ਼ਲ ਮੀਡੀਆ ਅਕਾਊਂਟਸ ਨੂੰ ਫਾੱਲੋ ਕਰੋ;
- ਯੋਗ ਬਜ਼ੁਰਗਾਂ ਅਤੇ ਅਪਾਹਜਪੁਣਿਆਂ ਵਾਲੇ ਮਕਾਨ ਮਾਲਕਾਂ ਲਈ, ਬਰਫ ਹਟਾਉਣ ਸਬੰਧੀ ਆਰਥਿਕ ਸਹਾਇਤਾ ਉਪਲਬਧ ਹੈ। ਹੋਰ ਜਾਣੋ: ow.ly/D2R050xgPq2.

ਸਿਟੀ ਦਾ ਪਲੋ ਟ੍ਰੈਕਰ

ਨਿਵਾਸੀ www.brampton.ca/snow ਤੇ ਅਤੇ 311 ਮੋਬਾਈਲ ਐਪ ਤੇ ਸਿਟੀ ਦੇ ਪਲੋ ਟ੍ਰੈਕਰ (Plow Tracker) ਦੀ ਵਰਤੋਂ ਕਰਦੇ ਹੋਏ ਦੇਖ ਸਕਦੇ ਹਨ ਕਿ ਅਮਲਿਆਂ ਨੇ ਕਿਹੜੀਆਂ ਸੜਕਾਂ ਅਤੇ ਸਾਈਡਵਾਕਸ ਸਾਫ਼ ਕੀਤੀਆਂ ਹਨ! ਐਪ ਨੂੰ Google Play (ਗੂਗਲ ਪਲੇ) ਜਾਂ ਐਪ ਸਟੋਰ (App Store) ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ। ਇਸ ਟੂਲ ਦੀ ਵਰਤੋਂ ਕਰਕੇ, ਨਿਵਾਸੀ ਬਰਫ ਹਟਾਉਣ ਦੀ ਪ੍ਰਗਤੀ, ਸੜਕ ਸਬੰਧੀ ਤਰਜੀਹਾਂ ਦੇਖ ਸਕਦੇ ਹਨ ਅਤੇ ਜਾਣ ਸਕਦੇ ਹਨ ਕਿ ਉਹਨਾਂ ਦੇ ਆਸਪਾਸ ਬਰਫ ਹਟਾਉਣ ਵਾਲੀ ਮਸ਼ੀਨ ਆਈ ਹੈ ਜਾਂ ਨਹੀਂ, ਤਾਂ ਜੋ ਉਹ ਸੜਕ ਤੋਂ ਆਪਣੇ ਵਾਹਨ ਹਟਾ ਸਕਣ। ਸੇਵਾ ਬੇਨਤੀਆਂ ਵੀ ਪ੍ਰਸਤੁਤ ਕੀਤੀਆਂ ਜਾ ਸਕਦੀਆਂ ਹਨ।

ਸਿਟੀ ਦੇ ਸਰਦੀ ਦੇ ਕੰਮਾਂ ਬਾਰੇ ਵਧੇਰੇ ਜਾਣਕਾਰੀ ਲਈ, www.brampton.ca/snow ਤੇ ਜਾਓ।

ਹਵਾਲੇ

"ਸਾਡੇ ਨਿਵਾਸੀਆਂ ਦੀ ਸੁਰੱਖਿਆ ਸਾਡੀ ਸਭ ਤੋਂ ਵੱਡੀ ਤਰਜੀਹ ਹੈ – ਇਸ ਕਰਕੇ ਹੀ ਇਹ ਯਕੀਨੀ ਬਣਾਉਣ ਲਈ ਕਿ ਅਸੀਂ ਸਰਦੀਆਂ ਦੇ ਮੌਸਮ ਲਈ

ਤਿਆਰ ਹਾਂ, ਸਾਡੇ ਅਮਲੇ ਦਿਨ-ਰਾਤ ਕੰਮ ਕਰਦੇ ਰਹੇ ਹਨ। ਇਸ ਸੀਜਨ ਨੂੰ ਸੁਰੱਖਿਅਤ ਅਤੇ ਮਜ਼ੇਦਾਰ ਬਣਾਉਣ ਵਿੱਚ ਸਾਡੀ ਸਾਰਿਆਂ ਵਾਸਤੇ ਕਰਨ ਲਈ ਕੁਝ ਨਾ ਕੁਝ ਹੈ। ਨਿਵਾਸੀ ਸਰਦੀ ਦੇ ਮੌਸਮ ਸਬੰਧੀ ਘਟਨਾਵਾਂ ਦੇ ਦੌਰਾਨ ਤੁਰੰਤ ਸਾਈਡਵਾਕਸ ਤੋਂ ਆਈਸ, ਬਰਫ ਅਤੇ ਪੰਘਰ ਰਹੀ ਬਰਫ ਸਾਫ਼ ਕਰਕੇ, ਆਪਣੇ ਵਾਹਨਾਂ ਨੂੰ ਗਲੀ ਤੋਂ ਦੂਰ ਰੱਖ ਕੇ ਅਤੇ ਸਾਡਾ 311 ਮੋਬਾਈਲ ਐਪ ਡਾਊਨਲੋਡ ਕਰਕੇ ਮਦਦ ਕਰ ਸਕਦੇ ਹਨ!"

- ਪੈਟਰਿਕ ਬ੍ਰਾਊਨ (Patrick Brown), ਮੇਅਰ, ਸਿਟੀ ਆਫ ਬ੍ਰੈਂਪਟਨ

"ਜਦੋਂ ਹਰ ਕੋਈ ਸਾਡੀ ਕਮਿਊਨਿਟੀ ਨੂੰ ਸਰਦੀਆਂ ਵਾਸਤੇ ਤਿਆਰ ਰੱਖਣ ਲਈ ਆਪਣੀ ਭੂਮਿਕਾ ਨਿਭਾਉਂਦਾ ਹੈ, ਤਾਂ ਅਸੀਂ ਸਾਰੇ ਸੁਰੱਖਿਅਤ ਰੂਪ ਨਾਲ ਆਪਣੀ ਮੰਜ਼ਲ ਤੇ ਪਹੁੰਚ ਸਕਦੇ ਹਾਂ। ਅਸੀਂ ਨਿਵਾਸੀਆਂ ਨੂੰ ਸਲਾਹ ਦਿੰਦੇ ਹਾਂ ਕਿ ਸਾਡਾ 311 ਮੋਬਾਈਲ ਐਪ ਡਾਊਨਲੋਡ ਕਰੋ, ਸਾਡੇ #BramSnowUpdate ਲਈ ਸਿਟੀ ਆਫ ਬ੍ਰੈਂਪਟਨ ਦੇ ਸਾਰੇ ਸੋਸ਼ਲ ਮੀਡੀਆ ਅਕਾਊਂਟਸ ਨੂੰ ਫਾੱਲੋ ਕਰੋ ਅਤੇ ਸਾਈਡਵਾਕਸ ਨੂੰ ਸਾਫ ਰੱਖਣ ਵਿੱਚ ਆਪਣੀ ਭੂਮਿਕਾ ਨਿਭਾਓ। ਜਦੋਂ ਸਰਦੀ ਦਾ ਮੌਸਮ ਆਵੇਗਾ, ਤਾਂ ਅਸੀਂ ਇਕੱਠੇ ਮਿਲ ਕੇ, ਤਿਆਰ ਰਹਾਂਗੇ।"

- ਪਾੱਲ ਵਿਸੇਂਟ (Paul Vicente), ਰੀਜਨਲ ਕਾਉਂਸਲਰ, ਵਾਰਡਸ 1 ਅਤੇ 5; ਚੇਅਰ, ਪਬਲਿਕ ਵਰਕਸ ਐਂਡ ਇੰਜੀਨੀਅਰਿੰਗ, ਸਿਟੀ ਆਫ ਬ੍ਰੈਂਪਟਨ

"ਸਿਟੀ ਵਿਖੇ ਸਾਡੇ ਸਭ ਤੋਂ ਵੱਡੇ ਓਪਰੇਸ਼ਨਾਂ ਵਿੱਚੋਂ ਇੱਕ, ਸਰਦੀਆਂ ਦੀਆਂ ਮੌਸਮ ਸਬੰਧੀ ਸਥਿਤੀਆਂ ਵਿੱਚ ਕੰਮ ਕਰਨਾ ਹੈ, ਤਾਂ ਜੋ ਸਾਡੀ ਕਮਿਊਨਿਟੀ ਸਾਰਿਆਂ ਲਈ ਸੁਰੱਖਿਅਤ, ਮਜ਼ੇਦਾਰ ਅਤੇ ਪਹੁੰਚਯੋਗ ਰਹੇ। ਸਿਟੀ, ਸਾਲਾਨਾ ਤੌਰ ਤੇ, 4,053 ਕਿਲੋਮੀਟਰ ਸੜਕ ਲੇਨ, 1,009 ਕਿਲੋਮੀਟਰ ਸਾਈਡਵਾਈਕਸ ਅਤੇ ਵਾਕਵੇਜ ਅਤੇ 205 ਕਿਲੋਮੀਟਰ ਰੇਕ੍ਰੀਏਸ਼ਨ ਟ੍ਰੇਲਾਂ ਦੀ ਦੇਖਭਾਲ ਕਰਦੀ ਹੈ। ਨਿਵਾਸੀਆਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਇਸ ਸੀਜਨ ਬਰਫ ਦੇ ਲੋਕਲ ਕੰਮਾਂ ਦੀ ਸਥਿਤੀ ਬਾਰੇ ਜਾਣਨ ਲਈ, ਪਲੋ ਟਰੈਕਰ ਸਮੇਤ, 311 ਮੋਬਾਈਲ ਐਪ ਡਾਊਨਲੋਡ ਕਰੋ, ਤਾਂ ਜੋ ਉਹ ਸਰਦੀ ਸਬੰਧੀ ਘਟਨਾਵਾਂ ਦੇ ਦੌਰਾਨ ਸੁਰੱਖਿਅਤ ਰੂਪ ਨਾਲ ਆਪਣੀਆਂ ਟ੍ਰਿਪਸ ਦੀ ਯੋਜਨਾ ਬਣਾ ਸਕਣ।"

- ਪਾੱਲ ਮੋਰਿਸਨ (Paul Morrison), ਚੀਫ ਐਡਮਿਨਿਸਟ੍ਰੇਟਿਵ ਅਫਸਰ, ਸਿਟੀ ਆਫ ਬ੍ਰੈਂਪਟਨ

-30-

ਕੈਨੇਡਾ ਵਿੱਚ ਸਭ ਤੋਂ ਵੱਧ ਤੇਜ਼ੀ ਨਾਲ ਵਧਣ ਵਾਲੇ ਸ਼ਹਿਰਾਂ ਵਿੱਚੋਂ ਇੱਕ ਦੇ ਤੌਰ ਤੇ, ਬ੍ਰੈਂਪਟਨ 700,000 ਲੋਕਾਂ ਅਤੇ 75,000 ਕਾਰੋਬਾਰੀਆਂ ਦਾ ਘਰ ਹੈ। ਅਸੀਂ ਜੋ ਵੀ ਕਰਦੇ ਹਾਂ, ਲੋਕਾਂ ਨੂੰ ਧਿਆਨ ਵਿੱਚ ਰੱਖ ਕੇ ਕਰਦੇ ਹਾਂ। ਅਸੀਂ ਸਾਡੇ ਵੰਨ-ਸੁਵੰਨੇ ਭਾਈਚਾਰਿਆਂ ਤੋਂ ਸਰਗਰਮ ਹੁੰਦੇ ਹਾਂ, ਅਸੀਂ ਨਿਵੇਸ਼ ਨੂੰ ਆਕਰਸ਼ਿਤ ਕਰਦੇ ਹਾਂ ਅਤੇ ਅਸੀਂ ਤਕਨੀਕ ਅਤੇ ਵਾਤਾਵਰਣ ਸਬੰਧੀ ਨਵੀਨਤਾ ਨੂੰ ਅੱਗੇ ਵਧਾਉਣ ਦੇ ਸਫ਼ਰ ਤੇ ਹਾਂ। ਅਸੀਂ ਇੱਕ ਅਜਿਹਾ ਸਿਹਤਮੰਦ ਸ਼ਹਿਰ ਬਣਾਉਣ ਵਿੱਚ ਉੱਨਤੀ ਲਈ ਭਾਈਵਾਲੀ ਕਰਦੇ ਹਾਂ, ਜੋ ਸੁਰੱਖਿਅਤ, ਸਥਿਰ ਅਤੇ ਸਫਲ ਹੋਵੇ। ਸਾਡੇ ਨਾਲ Twitter, Facebook, ਅਤੇ Instagram ਤੇ ਜੁੜੋ। www.brampton.ca ਤੇ ਹੋਰ ਜਾਣੋ।

ਮੀਡੀਆ ਸੰਪਰਕ
ਸਿਟੀ ਆਫ ਬ੍ਰੈਂਪਟਨ ਮਲਟੀਕਲਚਰਲ ਮੀਡੀਆ
multiculturalmedia@brampton.ca